بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 22.05.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 22 ਮਈ ਸਨ 2015 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।**

ਸਾਡੀ ਜਮਾਤ ਦੇ ਹਰ ਇਕ ਵਿਅਕਤੀ ਨੂੰ ਇਹ ਪ੍ਰਣ ਕਰ ਲੈਣਾ ਚਾਹੀਦਾ ਹੈ ਕਿ ਧਰਮ ਦਾ ਕੰਮ ਮੈਂ ਹੀ ਕਰਨਾ ਹੈ ਇਸ ਪ੍ਰਣ ਦੇ ਬਾਦ ਉਹਨਾਂ ਵਿੱਚ ਜਾਗ੍ਰਿਤੀ ਪੈਦਾ ਹੋ ਜਾਵੇਗੀ ਅਤੇ ਹਰ ਔਕੜ ਉਹਨਾ'ਤੇ ਸੌਖੀ ਹੁੰਦੀ ਜਾਵੇਗੀ ਹਰ ਕਠਿਨਾਈ ਸਰਲ ਹੋ ਜਾਏਗੀ ਅਤੇ ਹਰ ਤੰਗੀ ਆਸਾਨੀ ਬਣ ਜਾਏਗੀ । ਉਹਨਾਂ ਨੂੰ ਬੇਸ਼ਕ ਕੁਝ ਦੁੱਖਾਂ, ਕਸ਼ਟਾਂ ਅਤੇ ਸੰਕਟਾਂ ਤੋਂ ਦੋ ਚਾਰ ਹੋਣਾ ਪਏਗਾ ਪਰ ਉਹ ਇਸ ਵਿੱਚ ਐਨ ਰਾਹਤ ਅਨੁਭਵ ਕਰਨਗੇ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

يٰۤاَيُّهَا الَّذِيۡنَ اٰمَنُوا اجۡتَنِبُوۡا كَثِيۡرًا مِّنَ الظَّنِّ اِنَّ بَعۡضَ الظَّنِّ اِثۡمٌ

''ਯਾ ਅੱਯੋਹਲੱਜ਼ੀਨਾ ਆਮਾਨੂਜ ਤਨਿਬੂ ਕਸੀਰੰਮ ਮਿਨਜ਼ ਜ਼ੰਨੇ, ਇਨੱਾ ਬਾਜ਼ਜ਼ ਜ਼ੰਨਿ ਇਸਮੁਨ''

ਅਰਥ : ਕਿ ਹੇ, ਲੋਕੋ ! ਜੋ ਈਮਾਨ ਲਿਆਏ ਹੋ ਬਦਜ਼ੰਨੀ (ਸੰਭਾਵਨਾਵਾਂ) ਤੋਂ ਬਹੁਤ ਬਚੋ, ਨਿਸ਼ਚੇ ਹੀ ਕੁਝ ਬਦਜ਼ੱਨੀਆਂ ਪਾਪ ਹੁੰਦੀਆਂ ਹਨ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਇਕ ਥਾਂ ਇਸ ਬਾਰੇ ਫ਼ਰਮਾਇਆ ਕਿ ਫ਼ਸਾਦ ਇਸ ਤੋਂ ਸ਼ੁਰੂ ਹੁੰਦਾ ਹੈ ਕਿ ਮਨੁੱਖ ਗ਼ਲਤ ਸੰਭਾਵਨਾਵਾਂ (ਬਦਜ਼ਨੌਂਆਂ) ਤੇ ਸੰਦੇਹ ਤੋਂ ਕੰਮ ਲੈਣਾ ਅਰੰਭ ਕਰੇ । ਜੇਕਰ ਨੇਕ ਸੰਭਾਵਨਾਵਾਂ ਕਰੇ ਤਾਂ ਫਿਰ ਕੁਝ ਦੇਣ ਦਾ ਸੰਜੋਗ ਪ੍ਰਾਪਤ ਹੋ ਜਾਂਦਾ ਹੈ । ਪਹਿਲੇ ਪੜਾਅ'ਤੇ ਗਲਤੀ ਕੀਤੀ ਤਾਂ ਫਿਰ ਟੀਚੇ ਉਪੱਰ ਪਹੁੰਚਣਾ ਔਖਾ ਹੋ ਜਾਂਦਾ ਹੈ । ਫਰਮਾਇਆ ਬਦਜ਼ੱਨੀ (ਭੈੜੀਆਂ ਸੰਭਾਵਨਾਵਾਂ) ਬਹੁਤ ਭੈੜੀ ਚੀਜ ਹੈ ਮਨੁੱਖ ਨੂੰ ਬਹੁਤ ਸਾਰੀਆਂ ਨੇਕੀਆਂ ਤੋਂ ਵਾਂਜਿਆਂ ਕਰ ਦਿੰਦੀ ਹੈ ਅਤੇ ਫਿਰ ਵੱਧਦਿਆਂ ਵੱਧਦਿਆਂ ਇੱਥੋਂ ਤੱਕ ਨੌਬਤ ਪਹੁੰਚਦੀ ਹੈ ਕਿ ਮਨੁੱਖ ਰੱਬ ਉਪੱਰ ਵੀ ਬਦਜ਼ੱਨੀ ਕਰਨੀ ਅਰੰਭ ਕਰ ਦਿੰਦਾ ਹੈ । ਫਿਰ ਇਕ ਥਾਂ ਆਪ ਨੇ ਫ਼ਰਮਾਇਆ ਕਿ ਆਂਤਰਕ ਰੂਪ ਵਿੱਚ ਅਸੀਂ ਦਖ਼ਲਾ ਨਹੀਂ ਕਰ ਸਕਦੇ ਅਰਥਾਤ ਕਿਸੇ ਦੇ ਦਿਲ ਤੱਕ ਸਾਡੀ ਪਹੁੰਚ ਨਹੀਂ ਹੋ ਸਕਦੀ । ਉਸ ਵਿੱਚ ਦਖ਼ਲਾ ਕਰਨਾ ਪਾਪ ਹੈ । ਮਨੁੱਖ ਇਕ ਵਿਅਕਤੀ ਨੂੰ ਬੁਰਾ ਵਿਚਾਰਦਾ ਹੈ ਅਤੇ ਫਿਰ ਆਪ ਉਸ ਤੋਂ ਬੁਰਾ ਹੋ ਜਾਂਦਾ ਹੈ । ਛੇਤੀ ਨਾਲ ਬਦਗੁਮਾਨੀ ਕਰਨੀ ਚੰਗੀ ਨਹੀਂ ਹੁੰਦੀ, ਬਦਜ਼ੱਨੀ ਇਹ ਛੇਤੀ ਕਰਨੀ ਚੰਗੀ ਨਹੀਂ ਹੁੰਦੀ । ਬੰਦਿਆਂ ਵਿੱਚ ਦਖ਼ਲਾ ਇਕ ਨਾਜ਼ੁਕ ਮਾਮਲਾ ਹੈ । ਅਰਥਾਤ ਇਹ ਖ਼ਿਆਲ ਕਰਨਾ ਕਿ ਸਾਡੀ ਦਿਲਾਂ ਦੇ ਅੰਦਰ ਤੱਕ ਪਹੁੰਚ ਹੈ, ਇਹ ਬਹੁਤ ਹੀ ਸੰਵੇਦਨਸ਼ੀਲ ਮਾਮਲਾ ਹੈ, ਬਹੁਤ ਹੀ ਨਾਜ਼ੁਕ ਚੀਜ਼ ਹੈ । ਕਿਉਂ ਨਾਜ਼ੁਕ ਤੇ ਸੰਵੇਦਨਸ਼ੀਲ ਹੈ ਫਰਮਾਇਆ ਕਿ ਇਸ ਲਈ ਕਿ ਇਸ ਨੇ ਬਹੁਤ ਸਾਰੀਆਂ ਕੌਮਾਂ ਨੂੰ ਤਬਾਹ ਕਰ ਦਿੱਤਾ । ਉਹਨਾਂ ਨੇ

ਨਿਬੀਆਂ ਅਤੇ ਉਹਨਾਂ ਦੇ ਮਨੰਣ ਵਾਲਿਆਂ ਉਪੱਰ ਬਦਜ਼ੱਨੀਆਂ ਕੀਤੀਆਂ ਅਤੇ ਫਿਰ ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਰੱਬ ਉਪੱਰ ਵੀ ਬਦਜ਼ੱਨੀ ਸ਼ੁਰੂ ਹੋ ਜਾਂਦੀ ਹੈ ।

ਅਜਿਹੇ ਹੀ ਬਦਜ਼ੱਨੀ ਕਰਨ ਵਾਲਿਆਂ ਦਾ ਵਰਨਣ ਕਰਦਿਆਂ ਹੋਇਆਂ ਇਕ ਥਾਂ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ, ਆਪ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਕੁਝ ਘਟਨਾਵਾਂ ਵਰਨਣ ਕਰ ਰਹੇ ਹਨ, ਜਿਵੇਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਲੋਕਾਂ ਨੇ ਨਬੀਆਂ ਅਤੇ ਉਹਨਾਂ ਦੇ ਪੈਰੋਕਾਰਾਂ ਉਪੱਰ ਬਦਜ਼ੱਨੀਆਂ ਕੀਤੀਆਂ । ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਨੂੰ ਆਪਣੇ ਸਮੇਂ ਵਿੱਚ ਇਹਨਾਂ ਦਾ ਸਭ ਤੋਂ ਵੱਧ ਸਾਹਮਣਾ ਕਰਨ ਪਿਆ । ਸੋ, ਆਪ ਇਕ ਥਾਂ ਫ਼ਰਮਾਉਂਦੇ ਹਨ ਕਿ ਮੈਂਨੂੰ ਰੱਬ ਨੇ ਖ਼ਲੀਫ਼ਾ ਬਣਾਇਆ ਅਤੇ ਉਸੇ ਨੇ ਆਪਣੀ ਤਾਈਦ ਤੇ ਮਦਦ ਨੂੰ ਮੇਰੇ ਨਾਲ ਰੱਖਿਆ ਅਤੇ ਸਿਵਾਏ ਇਕ ਅੰਨ੍ਹੇ ਅਤੇ ਜਨਮਜਾਤ ਅੰਨ੍ਹੇ ਦੇ ਹੋਰ ਕੋਈ ਨਹੀਂ ਜੋ ਇਸ ਗੱਲ ਦਾ ਇਨਕਾਰ ਕਰ ਸਕੇ ਕਿ ਰੱਬ ਨੇ ਹਮੇਸ਼ਾ ਮੇਰੀ ਮਦਦ ਲਈ ਆਕਾਸ਼ ਤੋਂ ਫ਼ਰਿਸ਼ਤੇ ਨਾਜ਼ਲ ਕੀਤੇ । ਸੋ, ਤੁਸੀਂ ਵੀ ਇਤਰਾਜ਼ ਕਰਕੇ ਦੇਖ ਲਓ, ਤਹਾਨੂੰ ਵੀ ਪਤਾ ਲੱਗ ਜਾਵੇਗਾ ਕਿ ਇਹਨਾਂ ਇਤਰਾਜ਼ਾ ਦਾ ਕੀ ਸਿੱਟਾ ਨਿਕਲਦਾ ਹੈ । ਇਸ ਪ੍ਰਕਾਰ ਦੇ ਇਤਰਾਜ਼ ਹਜ਼ਰਤ ਮਸੀਹ ਮੌਊਦ ਅਲੈਹਿਸੱਲਾਮ ਉਪੱਰ ਵੀ ਲਾਏ ਗਏ । ਇਕ ਵਾਰ ਜੱਦ ਕਿਸੇ ਨੇ ਅਜਿਹਾ ਹੀ ਇਤਰਾਜ਼ ਕੀਤਾ ਤਾਂ ਆਪ ਨੇ ਫ਼ਰਮਾਇਆ ਅਰਥਾਤ ਚੰਦਾ ਦੇਣ ਬਾਰੇ ਕਿ ਤੁਹਾਡੇ'ਤੇ ਹਰਾਮ ਹੈ ਕਿ ਭਵਿੱਖ ਵਿੱਚ ਜਮਾਤ ਲਈ ਇਕ ਪੈਸਾ ਵੀ ਭੇਜੋ ਫਿਰ ਦੇਖੋ ਰੱਬ ਜਮਾਤ ਨੂੰ ਕੀ ਹਾਣ ਪਹੁੰਚਾਉਂਦਾ ਹੈ । ਫਰਮਾਇਆ ਕਿ ਮੈਂ ਵੀ ਉਹਨਾਂ ਲੋਕਾਂ ਨੂੰ ਇਸੇ ਪ੍ਰਕਾਰ ਕਹਿੰਦਾ ਹਾਂ ਕਿ ਤੁਹਾਡੇ'ਤੇ ਹਰਾਮ ਹੈ ਕਿ ਭਵਿੱਖ ਵਿੱਚ ਇਕ ਪੈਸਾ ਵੀ ਜਮਾਤ ਦੀ ਮਦਦ ਲਈ ਦਿਓ ਜੋ ਇਤਰਾਜ਼ ਕਰਦੇ ਹਨ ਕਿ ਗ਼ਲਤ ਢੰਗ ਨਾਲ ਖ਼ਰਚ ਕੀਤਾ ਜਾਂਦਾ ਹੈ ਅਤੇ ਸਮੇਂ ਦਾ ਖ਼ਲੀਫ਼ਾ ਉਸਨੂੰ ਗ਼ਲਤ ਖਰਚ ਕਰਦਾ ਹੈ । ਫ਼ਰਮਾਇਆ ਕਿ ਭਾਵੇਂ ਮੇਰੀ ਆਦਤ ਨਹੀਂ ਕਿ ਮੈਂ ਸਖ਼ਤ ਸ਼ਬਦ ਵਰਤਾਂ ਪਰ ਮੈਂ ਕਹਿੰਦਾ ਹਾਂ ਕਿ ਤੁਹਾਡੇ ਵਿੱਚ ਰਤਾ ਵੀ ਸ਼ਰਾਫ਼ਤ ਬਾਕੀ ਹੋਵੇ ਤਾਂ ਇਸ ਦੇ ਬਾਦ ਇਕ ਦਮੜੀ ਤੱਕ ਜਮਾਤ ਲਈ ਨ ਦਿਓ ਅਤੇ ਫਿਰ ਦੇਖੋ ਜਮਾਤ ਦਾ ਕੰਮ ਚਲਦਾ ਹੈ ਜਾਂ ਨਹੀਂ । ਰੱਬ ਗ਼ੈਬ ਤੋਂ ਮੇਰੀ ਮਦਦ ਦਾ ਸਮਾਨ ਪੈਦਾ ਕਰੇਗਾ ਅਤੇ ਗ਼ੈਬ ਰਾਹੀਂ ਲੋਕਾਂ ਨੂੰ ਇਲਹਾਮ ਕਰੇਗਾ ਜੋ ਖ਼ਾਲਸ ਹੋਣਗੇ ਅਤੇ ਜੋ ਜਮਾਤ ਲਈ ਆਪਣਾ ਸਾਰਾ ਧਨ ਖਰਚਣ ਨੂੰ ਫ਼ਖਰ ਸਮਝਣ ਗੇ । ਮੈਂਨੂੰ ਚੰਗੀ ਤਰ੍ਹਾਂ ਚੇਤੇ ਹੈ ਕਿ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਇਕ ਵਾਰ ਬਾਗ਼ ਵਿੱਚ ਗਏ ਅਤੇ ਫ਼ਰਮਾਇਆ ਕਿ ਮੈਂਨੂੰ ਏਥੇ ਚਾਂਦੀ ਦੀ ਬਣੀਆਂ ਹੋਈਆਂ ਕਬਰਾਂ ਦਿਖਾਈਆਂ ਗਈਆਂ ਹਨ ਅਤੇ ਇਕ ਫ਼ਰਿਸ਼ਤੇ ਨੇ ਕਿਹਾ ਕਿ ਇਹ ਤੇਰੀ ਅਤੇ ਤੇਰੇ ਪਰਿਵਾਰ ਦੀਆਂ ਕਬਰਾਂ ਹਨ ਅਤੇ ਇਸੇ ਕਰਕੇ ਉਹ ਕਿਤਾਅ (ਭਾਗ) ਆਪ ਦੇ ਪਰਿਵਾਰ ਲਈ ਵਿਸ਼ੇਸ਼ ਕੀਤਾ ਗਿਆ ਹੈ । ਬੇਸ਼ਕ ਸੁਪਨਾ ਇਸ ਪ੍ਰਕਾਰ ਲੁਕਿਆ ਹੋਇਆ ਨਹੀਂ ਪਰ ਮੈਂਨੂੰ ਚੇਤੇ ਹੈ ਕਿ ਆਪ ਨੇ ਇਸੇ ਪ੍ਰਕਾਰ ਵਰਨਣ ਕੀਤਾ । ਸੋ ਰੱਬ ਨੇ ਸਾਡੀਆਂ ਕਬਰਾਂ ਵੀ ਚਾਂਦੀ ਦੀਆਂ ਕਰਕੇ ਦਿਖਾ ਦਿੱਤੀਆਂ ਅਤੇ ਲੋਕਾਂ ਨੂੰ ਦੱਸ ਦਿੱਤਾ ਕਿ ਤੁਸੀਂ ਕਹਿੰਦੇ ਹੋ ਇਹ ਆਪਣੇ ਜੀਵਨ ਵਿੱਚ ਹੀ ਲੋਕਾਂ ਦਾ ਪੈਸਾ ਖਾਂਦੇ ਹਨ ਅਤੇ ਅਸੀਂ ਤਾਂ ਇਹਨਾਂ ਦੇ ਮਰਨ ਬਾਦ ਵੀ ਲੋਕਾਂ ਨੂੰ ਇਹਨਾਂ ਰਾਹੀਂ ਲਾਭ ਪਹੁੰਚਾਵਾਂਗੇ ਅਰਥਾਤ ਰੱਬ ਫ਼ਰਮਾਉਂਦਾ ਹੈ ਕਿ ਅਸੀਂ ਲਾਭ ਪਹੁੰਚਾਵਾਂਗੇ । ਸੋ, ਰੱਬ ਸਾਡੀ ਮਿੱਟੀ ਨੂੰ ਵੀ ਚਾਂਦੀ ਬਣਾ ਰਿਹਾ ਹੈ ਅਤੇ ਤੁਸੀਂ ਇਤਰਾਜ ਕਰਕੇ ਆਪਣੀ ਚਾਂਦੀ ਨੂੰ ਵੀ ਮਿੱਟੀ ਬਣਾ ਰਹੇ ਹੋ ।

ਸੋ, ਜਿਵੇਂ ਕਿ ਮੈਂ ਕਿਹਾ ਅਜਿਹੇ ਲੋਕ ਹਰ ਜੁੱਗ ਵਿੱਚ ਹੁੰਦੇ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜੁੱਗ ਵਿੱਚ ਵੀ ਇਹ ਇਤਰਾਜ਼ ਹਜ਼ਰਤ ਮਸੀਹ ਮੌਊਦ ਅਲੈਹਿਸੱਲਾਮ ਉਪੱਰ ਹੋਇਆ । ਇਸ ਬਾਰੇ ਆਪ ਨੇ ਫ਼ਰਮਾਇਆ ਕਿ ਲੋਕ ਹਜ਼ਰਤ ਮੁਇਲਹ ਮਊਦ ਫ਼ਰਮਾਉਂਦੇ ਹਨ ਕਿ ਉਹ ਲੋਕ ਜੋ ਸਾਥੋਂ ਅੱਡ ਹੋ ਗਏ ਉਹਨਾ ਨੂੰ ਆਪਣੇ ਭਰਾਵਾਂ ਉਪੱਰ ਬਦਜ਼ੱਨੀ ਕਰਨ ਦੀ ਆਦਤ ਸੀ । ਇਸ ਦਾ ਨਤੀਜਾ ਇਹ ਹੋਇਆ ਕਿ ਹਜ਼ਰਤ ਸਾਹਬ ਅਰਥਾਤ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਬਾਰੇ ਇਹ ਕਹਿ ਲੰਘੇ ਕਿ ਆਪ ਜਮਾਤ ਦਾ ਪੈਸਾ ਆਪਣੇ ਵਿਅਕਤਗਤ ਲੋੜਾਂ ਲਈ ਖਰਚ ਕਰ ਲੈਂਦੇ ਹਨ । ਹਜ਼ਰਤ ਸਾਹਬ ਨੂੰ ਅੰਤਮ ਸਮੇਂ'ਤੇ ਇਹ ਗੱਲ ਪਤਾ ਲੱਗ ਗਈ ਸੀ ਅਤੇ ਆਪ ਨੇ ਮੈਂਨੂੰ ਫ਼ਰਮਾਇਆ ਅਰਥਾਤ ਮੁਸਲਿਹ ਮਊਦ ਨੂੰ ਕਿ ਇਹ

ਲੋਕ ਖ਼ਿਆਲ ਕਰਦੇ ਹਨ ਕਿ ਲੰਗਰ ਲਈ ਜੋ ਰੁਪਏ ਆਉਂਦੇ ਹਨ, ਮੈਂ ਉਸ ਨੂੰ ਆਪਣੀ ਜ਼ਾਤੀ ਲੋੜਾਂ ਵਿੱਚ ਖਰਚ ਕਰ ਲੈਂਦਾ ਹਾਂ ਪਰ ਉਹਨਾਂ ਨੂੰ ਪਤਾ ਨਹੀਂ ਕਿ ਜੋ ਲੋਕ ਮੇਰੇ ਲਈ ਨਜ਼ਰਾਨੇ ਦੇ ਰੁਪਏ ਲਿਆਉਂਦੇ ਹਨ ਅਰਥਾਤ ਇਸ ਗੱਲ ਲਈ ਲਿਆਉਂਦੇ ਹਨ ਕਿ ਆਪ ਨੇ ਜ਼ਾਤੀ ਤੌਰ'ਤੇ ਖਰਚ ਕਰਨੀ ਹੈ ਮੈਂ ਉਸ ਵਿੱਚੋਂ ਵੀ ਲੰਗਰ ਲਈ ਖਰਚ ਕਰਦਾ ਹਾਂ । ਹੁਣ ਜੋ ਖੁੱਲਡੁੱਲ ਹੈ ਜਮਾਤ ਨੂੰ ਵੀ ਇਹ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀਆਂ ਦੁਆਵਾਂ ਅਤੇ ਰੱਬ ਦੇ ਦਿੱਤੇ ਵਾਦਿਆਂ ਦਾ ਨਤੀਜਾ ਹੈ ਇਹ ਕਿਸੇ ਦੀ ਵਿਅਕਤੀਗਤ ਜਤਨ ਨਹੀਂ ਹੈ । ਅੱਜ ਰੱਬ ਦੀ ਮਿਹਰ ਨਾਲ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਦਾ ਲੰਗਰ ਸੰਸਾਰ ਦੇ ਹਰ ਦੇਸ਼ ਵਿੱਚ ਚੱਲ ਰਿਹਾ ਹੈ ।

ਰੱਬ ਆਪਣੇ ਨਬੀ ਸੰਸਾਰ ਵਿੱਚ ਇਸ ਲਈ ਭੇਜਦਾ ਕਿ ਸੰਸਾਰ ਵਿੱਚ ਜੋ ਰੂਹਾਨੀ ਖ਼ਲਾਅ (ਵਿੱਥ) ਪੈ ਗਿਆ ਹੈ ਉਸ ਦਾ ਸੁਧਾਰ ਕਰੇ ਜੋ ਆਤਮਕ ਤੌਰ'ਤੇ ਪਤਨ ਹੋ ਗਿਆ ਹੈ ਉਸ ਦਾ ਸੁਧਾਰ ਕਰੇ । ਹਾਂ, ਜੱਦ ਨਬੀਆਂ ਦੇ ਮਨ੍ਹੰਣ ਵਾਲਿਆਂ ਦੀ ਗਿਣਤੀ ਵਧਣ ਲਗੱਦੀ ਹੈ, ਉਹਨਾਂ ਦੇ ਮਨ੍ਹੰਣ ਵਾਲਿਆਂ ਨੂੰ ਰੂਹਾਨੀ ਤਰੱਕੀ ਦੇ ਨਾਲ ਨਾਲ ਭੌਤਕ ਤਰੱਕੀ ਵੀ ਮਿਲਦੀ ਹੈ ਪਰ ਭੌਤਕ ਤੇ ਸੰਸਾਰਕ ਤਰੱਕੀ ਦੇ ਮਿਆਰ ਨਬੀ ਦੇ ਜੀਵਨ ਦੇ ਬਾਦ ਬਹੁਤ ਵੱਧ ਜਾਂਦੇ ਹਨ । ਹਾਂ, ਰੂਹਾਨੀ ਤਰੱਕੀ ਦੇ ਪੱਖੋਂ ਨਬੀ ਦਾ ਜ਼ਮਾਨਾ ਜੋ ਆਪਣਾ ਸਥਾਨ ਰਖੱਦਾ ਹ ਉਹ ਮਗਰੋ ਆਉਣ ਵਾਲਾ ਜ਼ਮਾਨਾ ਨਹੀਂ ਰੱਖ ਸਕਦਾ । ਫ਼ਰਮਾਉਂਦੇ ਹਨ ਕਿ ਨਬੀ ਦੀ ਵਫ਼ਾਤ ਦੇ ਛੇਤੀ ਹੀ ਮਗਰੋਂ ਰੂਹਾਨੀ ਪੱਖੋਂ ਰਾਤ ਦਾ ਜੁੱਗ ਅਰੰਭ ਹੋ ਜਾਂਦਾ ਹੈ ਪਰ ਸ਼ਰੀਰਕ ਪੱਖੋਂ ਨਬੀ ਦੀ ਵਫ਼ਾਤ ਸਵੇਰੇ ਦੀ ਦਲੀਲ ਹੈ ਅਤੇ ਛੇਤੀ ਹੀ ਮਗਰੋਂ ਸੂਰਜ ਚੜ੍ਹ ਜਾਂਦਾ ਹੈ ਅਰਥਾਤ ਪ੍ਰਕਟ ਰੂਪ ਵਿੱਚ ਸਫ਼ਲਤਾਵਾਂ ਦਾ ਦ੍ਰਿਸ਼ ਦਿਖਾਈ ਦੇਣ ਲੱਗਦਾ ਹੈ ਅਜਿਹਾ ਹੀ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਦੇ ਜੁੱਗ ਵਿੱਚ ਹੋਇਆ । ਅਜਿਹਾ ਹੀ ਮਸੀਹ ਈਸਾ ਤੇ ਮੂਸਾ ਦੇ ਜੁੱਗ ਵਿੱਚ ਹੋਇਆ ਅਤੇ ਅਜਿਹਾ ਹੀ ਹੁਣ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਜੁੱਗ ਵਿੱਚ ਹੋਇਆ । ਇਕ ਦਿਨ ਆਪ ਨੇ ਸਾਡੀ ਮਾਂ ਨੂੰ ਫ਼ਰਮਾਇਆ ਕਿ ਹੁਣ ਤਾਂ ਰੁਪਏ ਦੀ ਕੋਈ ਅਵਸਥਾ ਨਜ਼ਰ ਨਹੀਂ ਆਉਂਦੀ । ਬਹੁਤ ਅਧਿਕ ਖਰਚੇ ਹੋ ਗਏ ਹਨ । ਮੇਰਾ ਖ਼ਿਆਲ ਹੈ ਕਿ ਕਿਸੇ ਤੋਂ ਕਰਜ਼ ਲੈ ਲਿਆ ਜਾਵੇ । ਥੋੜੇ ਚਿਰ ਪਿੱਛੋਂ ਆਪ ਜ਼ੁਹਰ ਦੀ ਨਮਾਜ਼ ਲਈ ਚਲੇ ਗਏ ਜੱਦ ਵਾਪਸ ਆਏ ਤਾਂ ਆਪ ਮੁਸਕਰਾ ਰਹੇ ਸਨ ਅਤੇ ਸਾਡੀ ਮਾਂ ਨੂੰ ਫ਼ਰਮਾਇਆ ਕਿ ਮਨੁੱਖ ਰੱਬ ਦੇ ਨਿਰੰਤਰ ਨਿਸ਼ਾਨ ਦੇਖਣ ਦੇ ਬਾਦ ਵੀ ਕਈ ਵਾਰ ਬਦਜ਼ੱਨੀ ਨਾਲ ਕੰਮ ਲੈਂਦਾ ਹੈ । ਮੈਂ ਖ਼ਿਆਲ ਕੀਤਾ ਸੀ ਕਿ ਲੰਗਰ ਲਈ ਪੈਸੇ ਨਹੀਂ ਹੁਣ ਕਿਤੋਂ ਕਰਜ਼ ਲੈਣਾ ਪਏਗਾ ਪਰ ਜੱਦ ਮੈਂ ਨਮਾਜ਼ ਲਈ ਗਿਆ ਤਾਂ ਇਕ ਮਨੁੱਖ ਜਿਸ ਨੇ ਮੈਲੇ ਕੁਚੈਲੇ ਕਪੜੇ ਪਾਏ ਹੋਏ ਸਨ ਉਹ ਅੱਗੇ ਵੱਧਿਆ ਅਤੇ ਉਸ ਨੇ ਇਕ ਪੋਟਲੀ ਮੇਰੇ ਹੱਥ ਵਿਚ ਦੇ ਦਿੱਤੀ । ਮੈਂ ਉਸ ਦੀ ਹਾਲਤ ਦੇਖ ਸਮਝਿਆ ਕਿ ਉਸ ਵਿੱਚ ਕੁਝ ਪੈਸੇ ਹੋਣਗੇ ਭਾਰੀ ਸੀ । ਇਸ ਲਈ ਕਿ ਸਿੱਕਿਆਂ ਕਰਕੇ ਉਸ ਵਿੱਚ ਭਾਰ ਵੱਧ ਗਿਆ ਸੀ, ਕੁਝ ਪੈਸੇ ਹੋਣਗੇ ਪਰ ਜੱਦ ਮੈਂ ਘਰ ਆਣਕੇ ਉਸਨੂੰ ਖੋਲਿਆ ਤਾਂ ਉਸ ਵਿੱਚੋਂ ਕਈ ਸੌ ਰੁਪਏ ਨਿਲ ਆਏ ।

ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਦੇ ਸਹਾਬਾ ਦਾ ਜੋ ਇਸ਼ਕ ਸੀ ਉਸਦਾ ਚਿਤੱਰ ਖਿਚੱਦੇ ਹੋਏ ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਨੂੰ ਦੇਖਣ ਵਾਲਿਆਂ ਨੂੰ ਆਪ ਜੀ ਨਾਲ ਜੋ ਪ੍ਰੇਮ ਸੀ ਉਸ ਦਾ ਅੰਦਾਜ਼ਾ ਬਾਦ ਵਿੱਚ ਆਉਣ ਵਾਲੇ ਲੋਕ ਨਹੀਂ ਕਰ ਸਕਦੇ । ਜਾਂ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਮੇਂ ਵਿੱਚ ਸਨ ਪਰ ਬਹੁਤ ਛੋਟੇ ਸਨ ਐਨ੍ਹੀ ਸਮਝ ਨਹੀਂ ਸੀ ਪਰ ਮੈਂਨੂੰ ਰੱਬ ਨੇ ਅਜਿਹਾ ਦਿਲ ਦਿੱਤਾ ਸੀ ਕਿ ਮੈਂ ਬਚਪੁਣੇ ਤੋਂ ਹੀ ਇਹਨਾਂ ਗੱਲਾਂ ਵੱਲ ਕੇਂਦਰਤ ਸੀ ਮੈਂ ਉਹਨਾਂ ਲੋਕਾਂ ਦੇ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਨਾਲ ਪ੍ਰੇਮ ਦਾ ਅੰਦਾਜ਼ਾ ਲਾਇਆ ਹੈ ਜੋ ਆਪ ਦੀ ਸੰਗਤ ਵਿੱਚ ਰਹਿੰਦੇ ਸਨ । ਮੈਂ ਸਾਲਾਂ ਸਾਲ ਉਹਨਾਂ ਨੂੰ ਦੇਖਿਆ ਹੈ ਕਿ ਉਹਨਾਂ ਨੂੰ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਦੀ ਜੁਦਾਈ ਕਰਕੇ ਆਪਣੇ ਜੀਵਨ ਵਿੱਚ ਕੋਈ ਆਨੰਦ ਹੀ ਮਨੁਭਵ ਨਹੀਂ ਹੁੰਦਾ ਸੀ ਅਤੇ ਦੁਨੀਆ ਵਿੱਚ ਕੋਈ ਰੌਣਕ ਹੀ ਦਿਖਾਈ ਨਹੀਂ ਦਿੰਦੀ ਸੀ ਹਜ਼ਰਤ ਖਲੀਫ਼ਾ ਅਵੱਲ ਨੇ ਕਈ ਵਾਰ ਜੱਦ ਆਪ ਇਕੱਲੇ ਹੁੰਦੇ ਅਤੇ ਕੋਈ ਕੋਲ ਨ ਹੁੰਦਾ ਤਾਂ ਮੈਨੂੰ ਕਿਹਾ ਕਿ ਮੀਆਂ ਜੱਦ ਤੋਂ ਹਜ਼ਰਤ ਸਾਹਬ ਫ਼ੌਤ ਹੋਏ ਹਨ ਮੈਂਨੂੰ ਆਪਣਾ ਸ਼ਰੀਰ ਖਾਲੀ ਅਨੁਭਵ ਹੁੰਦਾ ਹੈ ਅਤੇ ਦੁਨੀਆ ਖਾਲੀ ਖਾਲੀ ਦਿਖਾਈ ਦਿੰਦੀ ਹੈ ।

ਫਿਰ ਇਕ ਥਾਂ ਕਾਰਕੁਨਾ ਨੂੰ ਨਸੀਹਤ ਕਰਦਿਆਂ ਹੋਇਆਂ ਜੋ ਜਮਾਤ ਦੇ ਮੁਲਾਜ਼ਮ ਹਨ ਵਿਸ਼ੇਸ਼ ਤੋਰ'ਤੇ ਅਜਿਹੇ ਦੇਸ਼ਾਂ ਵਿੱਚ ਜਿੱਥੇ ਮੰਹਿਗਾਈ ਵੀ ਬਹੁਤ ਹੈ ਅਤੇ ਗ਼ਰੀਬੀ ਵੀ ਬਹੁਤ ਹੈ । ਉਹਨਾਂ ਨੂੰ ਨਸੀਹਤ ਕਰਦਿਆਂ ਹੋਇਆਂ ਆਪ ਨੇ ਫ਼ਰਮਾਇਆ ਖ਼ੁਦਾ ਤੋਂ ਮੰਗੋ ਬਜਾਏ ਇਸਦੇ ਕਿ ਅੰਜੁਮਨ'ਤੇ ਕਿਸੇ ਦੀ ਨਜ਼ਰ ਹੋਵੇ । ਅਤੇ ਇਸ ਹਵਾਲੇ ਨਾਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਇਕ ਛੋਟੀ ਜ਼ਿਹੀ ਗੱਲ ਦੀ ਉਧਾਰਨ ਹਜ਼ਰਤ ਮੁਸਲਿਹ ਮਊਦ ਨੇ ਦਿੱਤੀ । ਫ਼ਰਮਾਉਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਨੂੰ ਵੀ ਬਹੁਤ ਸਰਦੀ ਅਨੁਭਵ ਹੁੰਦੀ ਸੀ ਇਸ ਲਈ ਆਪ ਮੁਸ਼ਕ  ਖਾਇਆ ਖਰਦੇ ਸਨ । ਇਹ ਦੇਸੀ ਹਕੀਮਾ ਦਾ ਨੁਸਖ਼ਾ ਹੈ ਮੁਸ਼ਕ ਖਾਣ ਨਾਲ ਸਰਦੀ ਦੂਰ ਹੁੰਦੀ ਹੈ ਅਤੇ ਜੇਬ ਵਿੱਚ ਰੱਖ ਲਿਆ ਕਰਦੇ ਸਨ ਸ਼ੀਸ਼ੀ ਭਰਕੇ ਅਤੇ ਲੋੜ ਪੈਣ'ਤੇ ਵਰਤ ਲਿਆ ਕਰਦੇ ਸਨ ਅਤੇ ਫ਼ਰਮਾਇਆ ਕਰਦੇ ਸਨ ਕਿ ਇਕ ਛੋਟੀ ਜਿਹੀ ਸ਼ੀਸ਼ੀ ਜੇਬ ਵਿੱਚ ਆ ਜਾਂਦੀ ਹੈ ਦੋ ਸਾਲ ਤੱਕ ਚਲਦੀ ਹੈ ਪਰ ਜੱਦ ਖ਼ਿਆਲ ਆਉਂਦਾ ਹੈ ਕਿ ਮੁਸ਼ਕ ਥੋੜੀ ਰਹਿ ਗਈ ਹੈ ਸ਼ੀਸ਼ੀ ਦੇਖਦਾ ਹਾਂ ਤਾਂ ਉਹ ਖਤਮ ਹੋ ਜਾਂਦੀ ਹੈ । ਜੱਦ ਦੇਖਿਆ ਨਹੀਂ ਜਾਂਦਾ ਖਾਂਦੇ ਰਹਿੰਦੇ ਹਨ ਅਤੇ ਓਸ ਵਿੱਚ ਬਰਕਤ ਪੈਂਦੀ ਰਹਿੰਦੀ ਹੈ ਫਰਮਾਇਆ ਕਿ ਜੱਦ ਮੈਂ ਦੇਖਦਾ ਹਾਂ ਤਾਂ ਕੁਝ ਸਮੇਂ ਬਾਦ ਖ਼ਤਮ ਹੋ ਜਾਂਦੀ ਹੈ । ਸੋ, ਹਜ਼ਰਤ ਮੁਸਲਿਹ ਮਊਦ ਨੇ ਫ਼ਰਮਾਇਆ ਕਿ ਜੱਦ ਰੱਬ ਆਪਣੇ ਬੰਦਿਆਂ ਨੂੰ ਗ਼ੈਬ ਤੋਂ ਰਿਜ਼ਕ ਦਿੰਦਾ ਹੈ ਅਤੇ ਉਸ ਦੇ ਰਿਜ਼ਕ ਭੇਜਣ ਦੇ ਤਰੀਕੇ ਨਿਰਾਲੇ ਹਨ । ਸੋ, ਤੁਸੀ ਉਸ ਦੀ ਜ਼ਾਤ ਤੋਂ ਮੰਗੋ ਜਿਸਦਾ ਖ਼ਜ਼ਾਨਾ ਖ਼ਾਲੀ ਨਹੀਂ ਹੁੰਦਾ । ਅੰਜੁਮਨ ਤੋਂ ਕਿਉਂ ਮੰਗਦੇ ਹੋ ਜਿਸ ਦੇ ਕੋਲ ਐਨ੍ਹੀ ਰਕਮ ਨਹੀਂ ਕਿ ਉਹ ਤੁਹਾਡੇ ਗੁਜ਼ਾਰੇ ਵਧਾ ਸਕੇ । ਸੋ, ਤੁਸੀਂ ਖ਼ੁਦਾ ਪਰਸਤ ਬਣ ਜਾਓ, ਰੱਬ ਦੀ ਇਬਾਦਤ ਕਰੋ, ਰੱਬ ਤੁਹਾਨੂੰ ਗ਼ੈਬ ਤੋਂ ਰਿਜ਼ਕ ਭੇਜ ਦੇਵੇਗਾ । ਉਸ ਤੋਂ ਮੰਗੋ । ਇਸ ਲਈ ਰੱਬ ਦਾ ਸ਼ੁਕਰ ਕਰਨਾ ਚਾਹੀਦਾ ਹੈ ਅਤੇ ਉਸ ਉਪੱਰ ਭਰੋਸਾ ਕਰਨ ਦੀ ਬਹੁਤੀ ਲੋੜ ਹੈ ਅਤੇ ਆਪਣੀਆਂ ਲੋੜਾਂ ਲਈ ਉਸ ਵੱਲ ਝੁਕਣ ਦੀ ਲੋੜ ਹੈ ਬਜਾਏ ਇਸ ਦੇ ਕਿ ਏਧਰ ਓਧਰ ਦੇਖਿਆ ਜਾਏ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਕਾਦੀਆਂ ਨਾਲ ਪ੍ਰੇਮ ਦਾ ਵਰਨਣ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਕਿਵੇਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਪ੍ਰੇਮ ਸੀ ਅਤੇ ਆਪ ਕਿਵੇਂ ਦੇਖਿਆ ਕਰਦੇ ਸਨ । ਆਪ ਫ਼ਰਮਾਉਂਦੇ ਹਨ ਕਿ ਜਿੰਨਾ ਸਥਾਨਾ ਨਾਲ ਰੱਬ ਦਾ ਸੰਬੰਧ ਹੁੰਦਾ ਹੈ ਉਹ ਹਮੇਸ਼ਾ ਲਈ ਬਰਕਤਾਂ ਭਰਪੂਰ ਬਣਾ ਦਿੱਤੇ ਜਾਂਦੇ ਹਨ । ਕਾਦੀਆਂ ਵੀ ਇਕ ਅਜਿਹੀ ਥਾਂ ਹੈ ਜਿੱਥੇ ਰੱਬ ਦਾ ਇਕ ਪਿਆਰਾ ਪੈਦਾ ਹੋਇਆ ਅਤੇ ਉਸ ਨੇ ਆਪਣਾ ਸਾਰਾ ਜੀਵਨ ਏਥੇ ਹੀ ਲੰਘਾਇਆ ਅਤੇ ਇਸ ਥਾਂ ਤੋਂ ਉਹ ਪ੍ਰੇਮ ਰਖੱਦਾ ਸੀ । ਸੋ, ਉਸ ਮੌਕੇ'ਤੇ ਜੱਦ ਹਜ਼ਰਤ ਮਸੀਹ ਮੌਊਦ ਅਲਹਿਸਲਾਮ ਲਾਹੌਰ ਗਏ ਹੋਏ ਸਨ ਅਖੀਰੀ ਬਿਮਾਰੀ ਦੇ ਦਿਨਾ ਵਿੱਚ ਜਾਂ ਅੰਤਮ ਦਿਨਾ ਵਿੱਚ ਜੱਦ ਲਾਹੌਰ ਗਏ ਹੋਏ ਸਨ ਅਤੇ ਓਥੇ ਹੀ ਵਫ਼ਾਤ ਹੋਈ । ਇਕ ਦਿਨ ਆਪ ਨੇ ਮੈਂਨੂੰ ਇਕ ਮਕਾਨ ਵਿੱਚ ਬੁਲਾ ਕੇ ਫ਼ਰਮਾਇਆ ਕਿ ਮਹਮੂਦ ਦੇਖੋ ਇਹ ਧੁੱਪ ਕਿਹੋ ਜਿਹੀ ਪੀਲੀ ਜਿਹੀ ਦਿਖਾਈ ਦਿੰਦੀ ਹੈ । ਹਜ਼ਰਤ ਮੁਸਲਿਹ ਮਊਦ ਕਹਿੰਦੇ ਹਨ ਕਿ ਮੈਂਨੂ ਤਾਂ ਉਹੋ ਜਿਹੀ ਮਲੂਮ ਹੁੰਦੀ ਸੀ ਜਿਹੋ ਜਿਹੀ ਮੈਂ ਹਰ ਰੋਜ ਦੇਖਦਾ ਸੀ ਤਾਂ ਮੈਂ ਕਿਹਾ ਕਿ ਨਹੀਂ ਉਸੇ ਤਰ੍ਹਾਂ ਦੀ ਹੈ ਜਿਵੇਂ ਹਰ ਰੋਜ਼ ਹੋਇਆ ਕਰਦੀ ਹੈ । ਹਜ਼ਰਤ ਮਸੀਰਹ ਮੌਊਦ ਨੇ ਫ਼ਰਮਾਇਆ ਨਹੀਂ ਏਥੋਂ ਦੀ ਧੁੱਪ ਕੁਝ ਪੀਲੀ ਜਿਹੀ ਅਤੇ ਮਧੱਮ ਜਿਹੀ ਹੈ ਕਾਦੀਆਂ ਦੀ ਧੁੱਪ ਬਹੁਤ ਸਾਫ਼ ਅਤੇ ਚੰਗੀ ਹੁੰਦੀ ਹੈ । ਕਿਉਂਕਿ ਆਪ ਨੇ ਕਾਦੀਆਂ ਵਿੱਚ ਹੀ ਦਫ਼ਨ ਹੋਣਾ ਸੀ ਇਸ ਲਈ ਆਪ ਨੇ ਅਜਿਹੀ ਗੱਲ ਕੀਤੀ ਜਿਸ ਤੋਂ ਕਾਦੀਆਂ ਨਾਲ ਆਪ ਦੇ ਪ੍ਰੇਮ ਅਤੇ ਉਲਫ਼ਤ ਦਾ ਪਤਾ ਲਗੱਦਾ ਹੈ ।

ਫਿਰ ਇਕ ਆਪਣੀ ਇਕ ਘਟਨਾ ਵਰਨਣ ਕਰਦਿਆਂ ਹੋਇਆਂ ਜੋ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪਣੀ ਵਫ਼ਾਤ ਤੋਂ ਕੁਝ ਕੁਝ ਸਮਾਂ ਪਹਿਲਾਂ ਮੈਂਨੂੰ ਇਕ ਘੋੜੀ ਖ਼ਰੀਦ ਕੇ ਦਿੱਤੀ ਵਾਸਤਵ ਵਿੱਚ ਉਹ ਖ਼ਰੀਦੀ ਨਹੀਂ ਗਈ ਸੀ ਸਗੋਂ ਤੁਹਫ਼ੇ ਵਿੱਚ ਭੇਜੀ ਗਈ ਸੀ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਜੱਦ ਫੌਤ ਹੋਏ ਤਾਂ ਕਿਉਂਕਿ ਆਪ ਦੀ ਵਫ਼ਾਤ ਦਾ ਪ੍ਰਭਾਵ ਲਾਜ਼ਮੀ ਤੌਰ ਤੇ ਸਾਡੇ ਖ਼ਰਚਿਆਂ ਉਪੱਰ ਵੀ ਪੈਣਾ ਸੀ ਇਸ ਲਈ ਮੈਂ ਨਿਸ਼ਚਾ ਕੀਤਾ ਕਿ ਇਸ ਘੋੜੀ ਨੂੰ ਵੇਚ ਦਿੱਤਾ ਜਾਵੇ । ਮੈਂਨੂੰ ਇਕ ਮਿੱਤਰ ਨੇ ਕਹਿਲਾ ਭੇਜਿਆ ਕਿ ਇਹ ਘੋੜੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਤੁਹਫ਼ਾ ਹੈ ਆਪ

ਇਸ ਨੂੰ ਉਕੱਾ ਹੀ ਫ਼ਰੋਖਤ ਨ ਕਰਨ । ਜੱਦ ਮੈਂਨੂੰ ਇਹ ਕਿਹਾ ਗਿਆ ਤਾਂ ਝੱਟ ਮਗਰੋ ਮੇਰੇ ਮੂੰਹੋ ਇਹ ਸ਼ਬਦ ਨਿਕਲੇ ਉਹ ਇਹ ਸਨ ਬੇਸ਼ਕ ਇਹ ਤੁਹਫ਼ਾ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਦਾ ਹੈ ਪਰ ਇਸ ਤੋਂ ਵੀ ਵੱਡਾ ਤੁਹਫ਼ਾ ਉਮੁੱਲ ਮੋਮਿਨੀਨ ਹਨ । ਮੈਂ ਘੋੜੀ ਖ਼ਾਤਰ ਹਜ਼ਰਤ ਉਮੁੱਲ ਮੋਮਿਨੀਨ ਨੂੰ ਕਸ਼ਟ ਨਹੀਂ ਦੇਣਾ ਚਾਹੁੰਦਾ, ਸੋ, ਮੈਂ ਓਹ ਘੋੜੀ ਵੇਚ ਦਿੱਤੀ ।

ਫਿਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅਤੇ ਆਪਣੀ ਹਾਲਤ ਦਾ ਵਰਨਣ ਕਰਦਿਆਂ ਹੋਇਆ ਆਪ ਫ਼ਰਮਾਉਂਦੇ ਹਨ ਕਿ ਜੱਦ ਹਜ਼ਰਤ ਮਸੀਹ ਮੌਊਦ ਅਲਹਿਸਲਾਮ ਫ਼ੌਤ ਹੋਏ ਤਾਂ ਇਹ ਸਮਝਿਆ ਗਿਆ ਕਿ ਆਪ ਅਚਨਚੇਤ ਫ਼ੌਤ ਹੋ ਗਏ ਹਨ ਪਰ ਮੈਂਨੂੰ ਪਹਿਲਾਂ ਤੋਂ ਹੀ ਇਸ ਬਾਰੇ ਕੁਝ ਅਜਿਹੀਆਂ ਗੱਲਾਂ ਪਤਾ ਲੱਗ ਗਈਆਂ ਸਨ ਜਿੰਨ੍ਹਾ ਤੋਂ ਮਲੂਮ ਹੁੰਦਾ ਸੀ ਕਿ ਕੋਈ ਵੱਡਾ ਇਸਕਲਾਬ ਆਉਣ ਵਾਲਾ ਹੈ । ਉਧਾਰਣ ਲਈ ਮੈਂ ਸੁਪਨੇ ਵਿੱਚ ਦੇਖਿਆ ਕਿ ਮੈਂ ਬਹਿਸ਼ਤੀ ਮਕਬਰੇ ਤੋਂ ਕਿਸ਼ਤੀ ਉਪੱਰ ਆ ਰਿਹਾ ਹਾਂ ਰਸਤੇ ਵਿੱਚ ਪਾਣੀ ਐਨ੍ਹੇ ਜ਼ੋਰ ਸ਼ੋਰ ਨਾਲ ਸੀ ਕਿ ਵੱਡਾ ਭੰਵਰ ਪੈਣ ਲੱਗਾ ਅਤੇ ਕਿਸ਼ਤੀ ਖ਼ਤਰੇ ਵਿੱਚ ਪੈ ਗਈ ਜਿਸ ਤੋਂ ਸਾਰੇ ਲੋਕ ਜੋ ਕਿਸ਼ਤੀ (ਬੇੜੀ) ਵਿੱਚ ਬੈਠੇ ਸਨ ਡਰਨ ਲੱਗੇ । ਜੱਦ ਉਹਨਾਂ ਦੀ ਇਹ ਹਾਲਤ ਨਿਰਾਸ਼ਾ ਤੱਕ ਪਹੁੰਚ ਗਈ ਤਾਂ ਪਾਣੀ ਵਿੱਚੋਂ ਇਕ ਹੱਥ ਨਿਕਲਿਆ ਜਿਸ ਵਿੱਚ ਇਕ ਲੇਖਣੀ ਸੀ ਜਿਸ ਵਿਚ ਲਿੱਖਿਆ ਸੀ ਕਿ ਏਥੇ ਇਕ ਪੀਰ ਸਾਹਬ ਦੀ ਕਬਰ ਹੈ ਉਹਨਾਂ ਨੂੰ ਬੇਨਤੀ ਕਰੋ ਤਾਂ ਕਿਸ਼ਤੀ ਨਿਕਲ ਜਾਵੇਗੀ । ਮੈਂ ਕਿਹਾ ਇਹ ਤਾਂ ਸ਼ਿਰਕ ਹੈ । ਭਾਵੇਂ ਸਾਡੀ ਜਾਨ ਚਲੀ ਜਾਵੇ ਅਸੀਂ ਇਸ ਪ੍ਰਕਾਰ ਨਹੀਂ ਕਰਾਂਗੇ । ਐਨ੍ਹੇ ਵਿੱਚ ਖ਼ਤਰਾ ਹੋਰ ਵੱਧ ਗਿਆ ਅਤੇ ਨਾਲ ਵਾਲਿਆਂ ਵਿੱਚੋਂ ਕੁਝ ਨੇ ਕਿਹਾ ਕੀ ਹਰਜ ਹੈ ਅਜਿਹਾ ਕਰ ਦਿੱਤਾ ਜਾਵੇ । ਉਹਨਾਂ ਨੇ ਪੀਰ ਸਾਹਬ ਨੂੰ ਚਿੱਠੀ ਲਿੱਖ ਕੇ ਮੈਂਨੂੰ ਦੱਸੇ ਬਿਣਾ ਪਾਣੀ ਵਿੱਚ ਪਾ ਦਿੱਤੀ । ਸੁਪਨੇ ਵਿੱਚ ਇਹ ਦ੍ਰਿਸ਼ ਮੈਂਨੂੰ ਦਿਖਾਈ ਦੇ ਰਿਹਾ ਹੈ । ਜੱਦ ਮੈਂਨੂੰ ਪਤਾ ਲਗੱਾ ਤਾਂ ਮੈਂ ਉਸ ਚਿੱਠੀ ਨੂੰ ਛਾਲ ਮਾਰਕੇ ਕੱਢ ਲਿਆ, ਝੱਟ ਪਾਣੀ ਵਿੱਚ ਛਾਲ ਮਾਰੀ ਅਤੇ ਉਸ ਚਿੱਠੀ ਨੂੰ ਕੱਢ ਲਿਆ । ਜਿਵੇਂ ਹੀ ਮੈਂ ਅਜਿਹਾ ਕੀਤਾ ਉਹ ਕਿਸਤੀ ਚਲੱਣ ਲੱਗ ਪਈ ਅਤੇ ਕੋਈ ਖ਼ਤਰਾ ਨ ਰਿਹਾ । ਸਾਰਾ ਖ਼ਤਰਾ ਜਾਂਦਾ ਰਿਹਾ । ਫ਼ਰਮਾਉਂਦੇ ਹਨ ਕਿ ਜੱਦ ਹਜ਼ਰਤ ਸਾਹਬ ਫ਼ੌਥ ਹੋਏ ਉਸ ਸਮੇਂ ਰੱਬ ਨੇ ਮੇਰਾ ਦਿਲ ਅਤਿਅੰਤ ਮਜ਼ਬੂਤ ਕਰ ਦਿੱਤਾ ਅਤੇ ਮੇਰੀ ਸੋਚ ਇਸ ਵੱਲ ਪਰਤੀ ਕਿ ਹੁਣ ਮੇਰੇ ਉਪੱਰ ਬਹੁਤ ਵੱਡੀ ਜ਼ਿੰਮੇਦਾਰੀ ਆਣ ਪਈ ਹੈ ਅਤੇ ਮੈਂ ਉਸੇ ਸਮੇਂ ਪ੍ਰਣ ਕੀਤਾ ਕਿ ਇਲਾਹੀ ਤੇਰੇ ਮਸੀਹ ਦੀ ਲਾਸ਼ ਉਪੱਰ ਖੜਾ ਹੋਕੇ ਇਕਰਾਰ ਕਰਦਾ ਹਾਂ ਕਿ ਭਾਂਵੇਂ ਇਸ ਕੰਮ ਨੂੰ ਕਰਨ ਲਈ ਦੁਨੀਆ ਵਿੱਚ ਇਕ ਮਨੁੱਖ ਵੀ ਬਾਕੀ ਨ ਰਹੇ ਫਿਰ ਵੀ ਮੈਂ ਕਰਦ ਰਹਾਂ ਗਾ । ਉਸ ਸਮੇਂ ਮੇਰੇ ਵਿੱਚ ਅਜਿਹੀ ਤਾਕਤ ਆ ਗਈ ਕਿ ਮੈਂ ਉਸਨੂੰ ਵਰਨਣ ਨਹੀਂ ਕਰ ਸਕਦਾ । ਮੇਰਾ ਉਹੋ ਪ੍ਰਣ ਸੀ ਜਿਸ ਨੇ ਮੈਂਨੂੰ ਅੱਜ ਤੱਕ ਇਸ ਮਜ਼ਬੂਤੀ ਨਾਲ ਆਪਣੇ ਨਿਸ਼ਚੇ ਉਪੱਰ ਟਿਕਾਈ ਰੱਖਿਆ ਕਿ ਵਿਰੋਧਤਾ ਦੇ ਸੈਂਕੜੇ ਤੂਫ਼ਾਨ ਮੇਰੇ ਵਿਰੁਧ ਉੱਠੇ ਪਰ ਇਸ ਚਟੱਾਨ ਨਾਲ ਟਕਰਾ ਕੇ ਆਪਣਾ ਹੀ ਸਿਰ ਭਨਾਉਂਦੇ ਰਹੇ ।

ਇਸ ਲਈ ਸਾਡੀ ਜਮਾਤ ਦੇ ਹਰ ਮਨੁੱਖ ਨੂੰ ਇਹ ਨਿਸ਼ਚਾ ਕਰ ਲੈਣਾ ਚਾਰਹੀਦਾ ਹੈ ਕਿ ਧਰਮ ਦਾ ਕੰਮ ਮੈਂ ਹੀ ਕਰਨਾ ਹੈ ਇਸ ਪ੍ਰਣ ਦੇ ਬਾਦ ਉਹਨਾਂ ਅੰਦਰ ਜਾਗ੍ਰਿਤੀ ਪੈਦਾ ਹੋ ਜਾਵੇਗੀ ਅਤੇ ਹਰ ਮੁਸ਼ਕਲ ਸੌਖੀ ਹੁੰਦੀ ਜਾਵੇਗੀ, ਹਰ ਕਸ਼ਟ ਸਰਲ ਹੋ ਜਾਵੇਗਾ, ਹਰ ਤੰਗੀ ਆਸਾਨ ਹੋਜਾਵੇਗੀ, ਉਹਨਾ ਨੂੰ ਬੇਸ਼ਕ ਕੁਝ ਕਸ਼ਟ ਤੇ ਮੁਸੀਬਤਾਂ ਅਤੇ ਦੁੱਖਾਂ ਨਾਲ ਦੋ ਚਾਰ ਹੋਣਾ ਪਏਗਾ ਪਰ ਉਹ ਉਸ ਵਿੱਚ ਐਨ ਰਾਹਤ ਅਨੁਭਵ ਕਰਨਗੇ । ਕੁਰਆਨ ਕਰੀਮ ਵਿੱਚ ਅਲੱਾਹ ਤਆਲਾ ਰਸੂਲੇ ਕਰੀਮ ਸਲਲੱਾਹੁ ਅਲਹਿ ਵਸਲਅਮ ਨੂੰ ਫ਼ਰਮਾਉਂਦਾੇ ਹੈ ਕਿ ਧਰਮ ਦੀ ਪੂਰਨਤਾ ਲਈ ਕੇਵਲ ਤੁਸੀਂ ਹੀ ਮੇਰੇ ਸੰਬੋਧਕ ਹੋ । ਤੁਹਾਡੇ ਸਹਾਬਾ ਇਸ ਵਿੱਚ ਭਾਗ ਲੈਣ ਜਾ ਨ ਲੈਣ ਪਰ ਮੈਂ ਤੁਹਾਡੇ ਕੋਲੋਂ ਇਹ ਕੰਮ ਬਹਿਰਹਾਲ ਲੈਣਾ ਹੈ । ਇਹੋ ਕਾਰਣ ਸੀ ਕਿ ਆਪ ਦਿਨ ਰਾਤ ਇਸ ਕੰਮ ਵਿੱਚ ਲੱਗੇ ਰਹਿੰਦੇ ਸਨ ਅਤੇ ਆਪ ਦੀ ਹਰ ਹਰਕਤ ਅਤੇ ਆਪ ਦਾ ਹਰ ਸਕੂਨ ਅਤੇ ਆਪ ਦਾ ਹਰ ਕਥਨ ਆਪ ਦਾ ਹਰ ਕਰਮ ਇਸ ਗੱਲ ਲਈ ਵਕਫ਼ ਸੀ ਕਿ ਰੱਬ ਦੇ ਦੀਨ ਨੂੰ ਦੁਨੀਆ ਵਿੱਚ ਕਾਇਮ ਕੀਤਾ ਜਾਵੇ ਅਤੇ ਆਪ ਇਸ ਗੱਲ ਨੂੰ ਸਮਝਦੇ ਸਨ ਕਿ ਅਸਲ ਵਿੱਚ ਮੇਰਾ ਹੀ ਕੰਮ ਹੈ ਕਿਸੇ ਹੋਰ ਦਾ ਕੰਮ ਨਹੀਂ ਹੈ ਅਤੇ ਇਹੋ ਸੁਨੱਤ ਹੈ ਜਿਸ ਨੂੰ ਸਾਨੂੰ ਅਪਨਾਉਂਣਾ ਹੋਵੇਗਾ ।

ਤਿਨ ਅਰਬ ਅਬਾਦੀ ਹੈ ਅਤੇ ਸਾਰਿਆਂ ਨੂੰ ਇਕ ਰੱਬ ਦਾ ਸੰਦੇਸ਼ ਪਹੁੰਚਾਉਂਣਾ ਹੈ ਅਤੇ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੀ ਗੋਦ ਵਿੱਚ ਲਿਆਉਣਾ ਜਮਾਤ ਅਹਮਦੀਆ ਦਾ ਫ਼ਰਜ਼ ਹੈ । ਇਸ ਲਈ ਇਹ ਇਕ ਬਹੁਤ ਵੱਡਾ ਕੰਮ ਹੈ ਜੋ ਸਾਡੇ ਸਾਹਮਣੇ ਹੈ ਅਤੇ ਬਹੁਥ ਭਾਰੀ ਕੰਮ ਦਾ ਬੋਝ ਸਾਡੇ ਮੋਢਿਆਂ ਉਪੱਰ ਪਾਇਆ ਗਿਆ ਹੈ । ਐਨ੍ਹੇ ਮਹਤੱਵਪੂਰਨ ਕੰਮ ਵਿੱਚ ਰੱਬ ਦੀਆਂ ਕਰਾਮਾਤੀ ਸਹਾਰਇਤਾ ਅਤੇ ਤਾਈਦ ਤੋਂ ਬਿਨਾ ਸਾਡੀ ਸਫ਼ਲਤਾ ਦੀ ਕੋਈ ਅਵਸਥਾ ਨਹੀਂ ਹੋ ਸਕਦੀ । ਅਸੀਂ ਇਸ ਦੇ ਨਿਮਾਣੇ ਤੇ ਤੁੱਛ ਜਿਹੇ ਬੰਦੇ ਹਾਂ ਅਤੇ ਸਾਡਾ ਕੋਈ ਕੰਮ ਉਸ ਦੀ ਮਿਹਰ ਤੋਂ ਬਿਨਾ ਸਿੱਟੇ ਯੋਗ ਨਹੀਂ ਹੋ ਸਕਦਾ । ਇਸ ਲਈ ਉਸ ਦੀਆਂ ਮਿਹਰਾਂ ਨੂੰ ਪਾਉਣ ਲਈ ਸਾਨੂੰ ਜਿੱਥੋਂ ਤੱਕ ਸੰਭਵ ਹੋ ਸਕੇ ਪੂਰਾ ਜਤਨ ਕਰਨਾ ਜਾਹੀਦਾ ਹੈ ਇਸ ਪ੍ਰਣ ਦਾ ਹਵਾਲਾ ਦਿੰਦਿਆਂ ਹੋਇਆਂ ਜੋ ਆਪ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਿਰ੍ਹਾਣੇ ਖੜੇ ਹੋਕੇ ਕੀਤਾ ਸੀ ਅਤੇ ਜੋ ਸਾਡੇ ਸਾਰਿਆਂ ਦਾ ਪ੍ਰਣ ਹੋਣਾ ਚਾਹੀਦਾ ਹੈ ਕਿ ਅਸੀਂ ਸ਼ਿਰਕ ਤੋਂ ਵੀ ਦੂਰ ਰਹਾਂਗੇ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮਿਸ਼ਨ ਦੀ ਪੂਰਨਤਾ ਲਈ ਭਰਪੂਰ ਜਤਨ ਕਰਾਂਗੇ ਅਤੇ ਰੱਬ ਨਾਲ ਜੋ ਅਸੀਂ ਉਸ ਜੁੱਗ ਵਿੱਚ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੇ ਝੰਡੇ ਨੂੰ ਲਹਿਰਾਉਣ ਲਈ ਪ੍ਰਣ ਕੀਤਾ ਸੀ ਉਸ ਨੂੰ ਵੀ ਪੂਰਾ ਕਰਾਂਗੇ । ਇੰਸ਼ਅਲੱਾਹ । ਅਲੱਾਹ ਤਆਲਾ ਸਾਨੂੰ ਇਸਦਾ ਸੰਜੋਗ ਪ੍ਰਦਾਨ ਕਰੇ । ਅਮੀਨ।

**Khulasa Khutba 22.05.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131